# Prime Minister participates in the birth centenary celebrations of 'Jatir Pita' Bangabandhu, Sheikh MujiburRahman

March 17, 2020

…………………………………………………………………………………

# ਪ੍ਰਧਾਨ ਮੰਤਰੀ ਨੇ ਲਿਆ 'ਜਾਤਿਰ ਪਿਤਾ' ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੇ ਜਨਮ ਸ਼ਤਾਬਦੀ ਜਸ਼ਨਾਂ 'ਚ ਹਿੱਸਾ

17 ਮਾਰਚ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਇੱਕ ਵੀਡੀਓ ਸੰਦੇਸ਼ ਰਾਹੀਂ 'ਜਾਤੀ ਪਿਤਰ' ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੇ ਜਨਮ ਸ਼ਤਾਬਦੀ ਜਸ਼ਨਾਂ' ਚ ਭਾਗ ਲਿਆ।

ਸ਼੍ਰੀ ਮੋਦੀ ਨੇ ਸ਼ੇਖ ਮੁਜੀਬੁਰ ਰਹਿਮਾਨ ਨੂੰ ਬੀਤੀ ਸਦੀ ਦੀ ਸਭ ਤੋਂ ਮਹਾਨ ਸ਼ਖਸੀਅਤਾਂ ਵਿੱਚੋਂ ਇੱਕ ਦੱਸਿਆ ਅਤੇ ਕਿਹਾ, "ਉਨ੍ਹਾਂ ਦਾ ਸਾਰਾ ਜੀਵਨ ਸਾਡੇ ਸਾਰਿਆਂ ਲਈ ਬਹੁਤ ਵੱਡੀ ਪ੍ਰੇਰਣਾ ਹੈ।"

ਬੰਗਬੰਧੂ ਨੂੰ ਦਲੇਰ, ਦ੍ਰਿੜ ਵਿਅਕਤੀ ਅਤੇ ਸ਼ਾਂਤੀ ਸੇਵਕ ਦੱਸਦੇ ਹੋਏ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਕਿਹਾ ਕਿ ਬੰਗਲਾਦੇਸ਼ ਦੇ "ਜਾਤੀ ਪਿਤਰ" ਨੇ ਉਸ ਵੇਲੇ ਦੇ ਨੌਜਵਾਨਾਂ ਨੂੰ ਦੇਸ਼ ਨੂੰ ਆਜ਼ਾਦ ਕਰਵਾਉਣ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਪ੍ਰੇਰਿਆ।

ਪ੍ਰਧਾਨ ਮੰਤਰੀ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਕਿਵੇਂ ਇੱਕ ਦਮਨਕਾਰੀ ਅਤੇ ਜ਼ਾਲਮ ਹਕੂਮਤ ਨੇ ਸਾਰੀਆਂ ਲੋਕਤੰਤਰੀ ਕਦਰਾਂ ਕੀਮਤਾਂ ਦੀ ਅਣਦੇਖੀ ਕਰਕੇ 'ਬੰਗਲਾ ਭੂਮੀ' ਅੰਦਰ ਨਾਇਨਸਾਫੀ ਦਾ ਰਾਜ ਚਲਾਇਆ ਅਤੇ ਇਸ ਦੇਸ਼ ਦੇ ਲੋਕਾਂ ਨੂੰ ਤਬਾਹ ਕੀਤਾ ਅਤੇ ਯਾਦ ਕੀਤਾ ਕਿ ਕਿਵੇਂ ਬੰਗਬੰਧੂ ਨੇ ਬੰਗਲਾਦੇਸ਼ ਨੂੰ ਇਸ ਤਬਾਹੀ ਅਤੇ ਨਸਲਕੁਸ਼ੀ ਦੇ ਸਮੇਂ ਤੋਂ ਬਾਹਰ ਕੱਢਣ ਅਤੇ ਇਸ ਨੂੰ ਸਕਾਰਾਤਮਕ ਅਤੇ ਅਗਾਂਹਵਧੂ ਸਮਾਜ ਬਣਾਉਣ ਵਿੱਚ ਆਪਣੀ ਜ਼ਿੰਦਗੀ ਦਾ ਹਰ ਪਲ ਸਮਰਪਤ ਕਰ ਦਿੱਤਾ।

ਪ੍ਰਧਾਨ ਮੰਤਰੀ ਨੇ ਕਿਹਾ," ਇਸ ਬਾਰੇ ਬੰਗਬੰਧੂ ਦੇ ਵਿਚਾਰ ਬਿਲਕੁਲ ਸਪੱਸ਼ਟ ਸਨ ਕਿ ਨਫ਼ਰਤ ਅਤੇ ਨਕਾਰਾਤਮਕਤਾ ਕਦੇ ਵੀ ਕਿਸੇ ਵੀ ਦੇਸ਼ ਦੇ ਵਿਕਾਸ ਦੀ ਬੁਨਿਆਦ ਨਹੀਂ ਹੋ ਸਕਦੀ। ਪਰ ਕੁਝ ਲੋਕਾਂ ਨੂੰ ਬੰਗਬੰਧੂ ਦੇ ਵਿਚਾਰ ਅਤੇ ਕੋਸ਼ਿਸ਼ਾਂ ਪਸੰਦ ਨਹੀਂ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸਾਡੇ ਤੋਂ ਖੋਹ ਲਿਆ।"

ਸ਼੍ਰੀ ਨਰਿੰਦਰ ਮੋਦੀ ਨੇ ਕਿਹਾ, "ਅਸੀਂ ਸਾਰੇ ਇਸ ਗੱਲ ਦੇ ਗਵਾਹ ਹਾਂ ਕਿ ਕਿਵੇਂ ਅੱਤਵਾਦ ਅਤੇ ਹਿੰਸਾ ਨੂੰ ਰਾਜਨੀਤੀ ਅਤੇ ਕੂਟਨੀਤੀ ਕਰਨ ਦੇ ਹਥਿਆਰ ਬਣਾਉਣ ਨਾਲ ਸਮਾਜ ਅਤੇ ਦੇਸ਼ ਤਬਾਹ ਹੋ ਜਾਂਦਾ ਹੈ। ਦੁਨੀਆਂ ਵੀ ਵੇਖ ਰਹੀ ਹੈ ਕਿ ਇਸ ਸਮੇਂ ਦਹਿਸ਼ਤ ਅਤੇ ਹਿੰਸਾ ਨੂੰ ਸਮਰਥਨ ਦੇਣ ਵਾਲੇ ਕਿੱਥੇ ਹਨ ਅਤੇ ਉਨ੍ਹਾਂ ਦੀ ਕੀ ਹਾਲਤ ਹੈ ਜਦੋਂਕਿ ਬੰਗਲਾਦੇਸ਼ ਨਵੀਂਆਂ ਉਚਾਈਆਂ ਛੂ ਰਿਹਾ ਹੈ।"

ਪ੍ਰਧਾਨ ਮੰਤਰੀ ਨੇ ਬੰਗਲਾਦੇਸ਼ ਦੇ ਲੋਕਾਂ ਨੂੰ ਆਪਣੇ ਦੇਸ਼ ਨੂੰ ਸ਼ੇਖ ਮੁਜੀਬੁਰ ਰਹਿਮਾਨ ਨੇ ਸੁਪਨੇ ਅਨੁਸਾਰ 'ਸ਼ੋਨਾਰ ਬੰਗਲਾ' ਬਣਾਉਣ ਵਿੱਚ ਦਿਨ ਰਾਤ ਸਮਰਪਿਤ ਹੋਕੇ ਕੱਮ ਕਰਦਿਆਂ ਵੇਖ ਆਪਣੀ ਖੁਸ਼ੀ ਜ਼ਾਹਰ ਕੀਤੀ।

ਪ੍ਰਧਾਨ ਮੰਤਰੀ ਨੇ ਬੰਗਬੰਧੂ ਤੋਂ ਪ੍ਰੇਰਿਤ ਹੋਕੇ ਬੰਗਲਾਦੇਸ਼ ਵੱਲੋਂ ਸਮਾਵੇਸ਼ੀ ਅਤੇ ਵਿਕਾਸ-ਮੁਖੀ ਨੀਤੀਆਂ ਸਦਕਾ ਮਹਾਮਹਿਮ ਸ਼ੇਖ ਹਸੀਨਾ ਦੀ ਅਗਵਾਈ ਹੇਠ ਕੀਤੀ ਤਰੱਕੀ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਅੱਗੇ ਕਿਹਾ ਕਿ ਬੰਗਲਾਦੇਸ਼ ਆਰਥਿਕੀ, ਹੋਰ ਸਮਾਜਿਕ ਸੂਚਕਾਂਕਾਂ ਜਾਂ ਖੇਡਾਂ ਵਿੱਚ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਬਹੁਤ ਸਾਰੇ ਖੇਤਰਾਂ ਜਿਵੇਂ ਹੁਨਰ, ਸਿੱਖਿਆ, ਸਿਹਤ, ਮਹਿਲਾ ਸਸ਼ਕਤੀਕਰਣ ਅਤੇ ਮਾਈਕਰੋਫਾਈਨੈਂਸ ਵਿੱਚ ਬੰਗਲਾਦੇਸ਼ ਵੱਲੋਂ ਹਾਸਲ ਕੀਤੀ ਗਈ ਬੇਮਿਸਾਲ ਤਰੱਕੀ ਦੀ ਸ਼ਲਾਘਾ ਕੀਤੀ।

“ਪਿਛਲੇ ਕੁਝ ਵਰ੍ਹਿਆਂ ਅੰਦਰ ਭਾਰਤ ਅਤੇ ਬੰਗਲਾਦੇਸ਼ ਨੇ ਆਪਣੇ ਦੁਵੱਲੇ ਸਬੰਧਾਂ ਵਿੱਚ ਸੁਨਹਿਰੀ ਅਧਿਆਇ ਰਚਿਆ ਹੈ ਅਤੇ ਸਾਡੀ ਭਾਈਵਾਲੀ ਨੂੰ ਇੱਕ ਨਵਾਂ ਪਹਿਲੂ ਅਤੇ ਦਿਸ਼ਾ ਦਿੱਤੀ ਹੈ,” ਪ੍ਰਧਾਨ ਮੰਤਰੀ ਨੇ ਕਿਹਾ, "ਜਿਸਦਾ ਕਾਰਨ ਗੁੰਝਲਦਾਰ ਸਰਹੱਦੀ ਮਸਲਿਆਂ ਨੂੰ ਦੋਸਤਾਨਾ ਤਰੀਕੇ ਨਾਲ ਹੱਲ ਕਰਨ ਪ੍ਰਤੀ ਦੋਨਾਂ ਦੇਸ਼ਾਂ ਵਿਚਾਲੇ ਵੱਧ ਰਿਹਾ ਭਰੋਸਾ ਹੈ।"

ਉਨ੍ਹਾਂ ਇਹ ਵੀ ਕਿਹਾ ਕਿ ਬੰਗਲਾਦੇਸ਼ ਨਾ ਸਿਰਫ ਦੱਖਣ ਏਸ਼ੀਆ ਵਿਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ, ਬਲਕਿ ਇਸਦਾ ਵਿਕਾਸ ਭਾਈਵਾਲ ਵੀ ਹੈ। ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਾਲੇ ਸੰਪਰਕ ਵਧਾਉਣ ਵਾਲੇ ਸੈਕਟਰਾਂ ਜਿਵੇਂ ਬਿਜਲੀ ਦੀ ਵੰਡ, ਦੋਸਤੀ ਦੀ ਪਾਈਪਲਾਈਨ, ਸੜਕਾਂ, ਰੇਲ, ਇੰਟਰਨੈੱਟ, ਏਅਰਵੇਜ਼ ਅਤੇ ਵਾਟਰਵੇਜ਼ ਵਿੱਚ ਸਹਿਯੋਗ ਦਾ ਜ਼ਿਕਰ ਕੀਤਾ, ਜਿਨ੍ਹਾਂ ਸਦਕਾ ਦੋਵਾਂ ਦੇਸ਼ਾਂ ਦੇ ਹੋਰ ਲੋਕ ਆਪਸ ਵਿੱਚ ਜੁੜ ਰਹੇ ਹਨ।

ਪ੍ਰਧਾਨ ਮੰਤਰੀ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਦੋਨਾਂ ਦੇਸ਼ਾਂ ਦੀ ਵਿਰਾਸਤ ਟੈਗੋਰ, ਕਾਜ਼ੀ ਨਜ਼ਰੁਲ ਇਸਲਾਮ, ਉਸਤਾਦ ਅਲਾਉਦੀਨ ਖਾਨ, ਲਾਲਨ ਸ਼ਾਹ, ਜੀਵਨੰਦ ਦਾਸ ਅਤੇ ਈਸ਼ਵਰ ਚੰਦਰ ਵਿਦਿਆਸਾਗਰ ਵਰਗੇ ਬੁੱਧੀਜੀਵੀਆਂ ਤੋਂ ਆਈ ਹੈ।

ਉਨ੍ਹਾਂ ਨੇ ਕਿਹਾ ਕਿ ਬੰਗਬੰਧੂ ਦੀ ਵਿਰਾਸਤ ਅਤੇ ਪ੍ਰੇਰਣਾ ਨੇ ਦੋਨਾਂ ਦੇਸ਼ਾਂ ਦੀ ਵਿਰਾਸਤ ਨੂੰ ਵਧੇਰੇ ਵਿਆਪਕ ਅਤੇ ਡੂੰਘਾ ਕੀਤਾ ਹੈ ਅਤੇ ਬੰਗਬੰਧੂ ਦੇ ਦਰਸਾਏ ਮਾਰਗ ਨੇ ਪਿਛਲੇ ਦਹਾਕੇ ਅੰਦਰ ਦੋਵਾਂ ਦੇਸ਼ਾਂ ਦੀ ਭਾਈਵਾਲੀ, ਤਰੱਕੀ ਅਤੇ ਖੁਸ਼ਹਾਲੀ ਨੂੰ ਮਜ਼ਬੂਤ ਨੀਂਹ ਦਿੱਤੀ ਹੈ।

ਆਉਣ ਵਾਲੇ ਦਿਨਾਂ ਵਿੱਚ ਦੋਵਾਂ ਦੇਸ਼ਾਂ ਦੇ ਮੀਲ ਪੱਥਰਾਂ - ਅਗਲੇ ਸਾਲ ਬੰਗਲਾਦੇਸ਼ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਅਤੇ 2022 ਵਿਚ ਭਾਰਤ ਦੀ ਆਜ਼ਾਦੀ - ਦੀ 75ਵੀਂ ਵਰ੍ਹੇਗੰਢ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਭਰੋਸਾ ਪ੍ਰਗਟਾਇਆ ਕਿ ਇਹ ਦੋਵੇਂ ਮੀਲ ਪੱਥਰ ਨਾ ਸਿਰਫ ਭਾਰਤ ਅਤੇ ਬੰਗਲਾਦੇਸ਼ ਦੇ ਵਿਕਾਸ ਨੂੰ ਨਵੀਂਆਂ ਉਚਾਈਆਂ ਤੇ ਲੈ ਜਾਣਗੇ, ਬਲਕਿ ਦੋਵਾਂ ਦੇਸ਼ਾਂ ਵਿਚਾਲੇ ਦੋਸਤੀ ਦੇ ਸਬੰਧ ਨੂੰ ਵੀ ਮਜ਼ਬੂਤ ਕਰਨਗੇ।

ਨਵੀਂ ਦਿਲੀ
17 ਮਾਰਚ, 2020

DISCLAIMER : This is an approximate translation. The original is available in English on MEA’s website and may be referred to as the official press release.